بِسمِ اللّٰہِ الرَّحمٰنِ الرَّحِیم　　نَحمَدُہٗ وَنُصَلِّی عَلٰی رَسُوْلِہِ الکَرِیم　　وَعَلٰی عَبدِہِ المَسِیحِ المَوعُود
لَا اِلٰہَ اِلَّا اللّٰہُ مُحَمَّدٌ رَّسُوْلُ اللّٰہ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in　　ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਲਿਕਾਅ ਦੇ ਦਰਜਾ ਵਿੱਚ ਕਈ ਵਾਰ ਮਨੁੱਖ ਤੋਂ ਅਜਿਹੇ ਕੰਮ ਪ੍ਰਕਟ ਹੁੰਦੇ ਹਨ ਕਿ ਜੋ ਮਨੁੱਖੀ ਤਾਕਤਾਂ ਤੋਂ ਵੱਧ ਮਾਲੂਮ ਹੁੰਦੇ ਹਨ ਅਤੇ ਰੱਬੀ ਤਾਕਤ ਆਪਣੇ ਅੰਦਰ ਰੱਖਦੇ ਹਨ

# ਜੰਗੇ ਖੰਦਕ ਦੀ ਰੌਸ਼ਨੀ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਜੀਵਨੀ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 20 ਸਤੰਬਰ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੁ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ. بِسْمِ اللّٰهِ الرَّحْمٰنِ الرَّحِيْمِ. اَلْحَمْدُ لِلّٰهِ رَبِّ الْعٰلَمِيْنَ. الرَّحْمٰنِ الرَّحِيْمِ. مٰلِكِ يَوْمِ الدِّيْنِ. إِيَّاكَ نَعْبُدُ وَإِيَّاكَ نَسْتَعِيْنُ. اِهْدِنَا الصِّرَاطَ الْمُسْتَقِيْمَ. صِرَاطَ الَّذِيْنَ أَنْعَمْتَ عَلَيْهِمْ. غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਜੰਗੇ ਅਹਜ਼ਾਬ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਜੀਵਨੀ ਦੇ ਹਵਾਲੇ ਨਾਲ ਜ਼ਿਕਰ ਹੋ ਰਿਹਾ ਸੀ ।

ਪਿੱਛਲੇ ਖ਼ੁਤਬੇ ਵਿੱਚ ਮੈਂ ਖਾਣੇ ਵਿੱਚ ਬਰਕਤ ਦੇ ਕਿੱਸੇ ਦਾ ਜ਼ਿਕਰ ਕੀਤਾ ਸੀ । ਇਹੋ ਜਿਹਾ ਖਜੂਰਾਂ ਵਿੱਚ ਬਰਕਤ ਦਾ ਵੀ ਕਿੱਸਾ ਮਿਲਦਾ ਹੈ । ਹਜ਼ਰਤ ਬਸ਼ੀਰ ਬਿਨ ਸਾਅਦ ਰਜ਼ੀ ਅੱਲਾਹ ਅੰਨਹੁ ਦੀ ਬੇਟੀ ਬਿਆਨ ਕਰਦੀ ਹਨ ਕਿ ਮੇਰੀ ਮਾਂ ਨੇ ਮੇਰੇ ਕੱਪੜਿਆਂ ਵਿੱਚ ਕੁੱਝ ਖਜੂਰਾਂ ਦੇ ਕੇ ਮੈਨੂੰ ਕਿਹਾ ਕਿ ਇਹ ਆਪਣੇ ਬਾਪੂ ਅਤੇ ਮਾਮੇ ਨੂੰ ਦੇ ਆ ਅਤੇ ਕਹਿਣਾ ਕਿ ਇਹ ਤੁਹਾਡਾ ਸਵੇਰ ਦਾ ਖਾਣਾ ਹੈ । ਉਹ ਕਹਿੰਦੀ ਹਨ ਕਿ ਮੈਂ ਉਹ ਖਜੂਰਾਂ ਲੈ ਕੇ ਆਪਣੇ ਪਿਤਾ ਅਤੇ ਮਾਮੇ ਨੂੰ ਲੱਭਦੀ ਹੋਈ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਕੋਲੋਂ ਲੰਘੀ ਤਾਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਹੇ ਲੜ੍ਹਕੀ ! ਇਹ ਤੇਰੇ ਕੋਲ੍ਹ ਕੀ ਚੀਜ਼ ਹੈ ? ਮੈਂ ਕਿਹਾ ਕਿ ਇਹ ਖਜੂਰਾਂ ਹਨ । ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਲਿਆਓ ! ਇਹ ਖਜੂਰਾਂ ਮੈਨੂੰ ਦਿਓ । ਮੈਂ ਉਹ ਖਜੂਰਾਂ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਦੋਵੇਂ ਹੱਥਾਂ ਵਿੱਚ ਰੱਖ ਦਿੱਤੀਆਂ । ਆਪ ਸੱਲਲਾਹੁ ਅਲੈਹਿ ਵੱਸਲਮ ਨੇ ਉਨ੍ਹਾਂ ਖਜੂਰਾਂ ਉੱਤੇ ਦੋ ਕੱਪੜੇ ਪਾ ਦਿੱਤੇ । ਫਿਰ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਇੱਕ ਵਿਅਕਤੀ ਨੂੰ ਕਿਹਾ ਕਿ ਸਭ ਨੂੰ ਖਾਣੇ ਲਈ ਸੱਦ ਲਓ । ਸੋ, ਸਭ ਲੋਕ ਆ ਗਏ ਅਤੇ ਖਜੂਰਾਂ ਖਾਣ ਲੱਗੇ ਅਤੇ ਉਹ ਖਜੂਰਾਂ ਵੱਧ ਹੋਣ ਲੱਗੀਆਂ । ਇੱਥੇ ਤੱਕ ਕਿ ਜੱਦ ਸਾਰੇ ਖਾ ਗਏ ਤਾਂ ਖਜੂਰਾਂ ਕੱਪੜ੍ਹੇ ਦੇ ਕਿਨਾਰੇ ਤੋਂ ਨਿਕਲ ਰਹੀਆਂ ਸਨ ।

ਖਾਣੇ ਵਿੱਚ ਬਰਕਤ ਦਾ ਇੱਕ ਹੋਰ ਕਿੱਸਾ ਬਿਆਨ ਕਰਨ ਦੇ ਬਾਦ ਹਜ਼ੂਰੇ ਅਨਵਰ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ “ ਸਾਲਿਕ ” ਦੇ ਮੁਕਾਮ ਅਤੇ “ ਲਿਕਾਅ ” ਦੇ ਮਰਤਬੇ ਸੰਬੰਧੀ ਫ਼ਰਮਾਇਆ ਕਿ ਉਹ ਰੱਬ ਦੀ ਅਜਿਹੀ ਨੇੜਤਾ ਪੈ ਲੈਂਦੇ ਹਨ ਕਿ ਜਿਵੇਂ ਕਿ ਅੱਗ ਲੋਹੇ ਦੇ ਰੰਗ ਨੂੰ ਆਪਣੇ ਹੇਠਾਂ ਇੰਝ ਲੁਕਾ ਲੈਂਦੀ ਹੈ ਕਿ ਵੇਖਣ ਵਿੱਚ ਅੱਗ ਤੋਂ ਬਿਨਾਂ ਕੁੱਝ ਨਜ਼ਰ ਨਹੀਂ ਆਉਂਦਾ । ਫ਼ਰਮਾਇਆ ਕਿ ਇਸ ਦਰਜੇ ਲਿਕਾਅ ਵਿੱਚ ਕਈ ਵਾਰ ਮਨੁੱਖ ਨਾਲ ਅਜਿਹੇ ਕੰਮ ਵੀ ਪ੍ਰਕਟ ਹੁੰਦੇ ਹਨ ਕਿ ਜੋ ਮਨੁੱਖੀ ਤਾਕਤਾਂ ਤੋਂ ਵੱਧ ਮਾਲੂਮ ਹੁੰਦੇ ਹਨ ਅਤੇ ਰੱਬੀ ਤਾਕਤ ਆਪਣੇ ਅੰਦਰ ਰੱਖਦੇ ਹਨ ਜਿਵੇਂ ਕਿ ਸਾਡੇ ਸੱਯਦ-ਓ-ਮੌਲਾ ਸੱਲਲਾਹੁ ਅਲੈਹਿ ਵੱਸਲਮ ਨੇ ਜੰਗੇ ਬਦਰ ਵਿੱਚ ਇੱਕ ਪੱਥਰਾਂ ਦੀ ਮੁੱਠੀ ਕੁਫ਼ਾਰ ਉੱਤੇ ਚਲਾਈ ਅਤੇ ਉਹ ਮੁੱਠੀ ਕਿਸੇ ਦੁਆ ਰਾਹੀਂ ਨਹੀਂ । ਸਗੋਂ ਆਪਣੀ ਰੂਹਾਨੀ ਤਾਕਤ ਨਾਲ ਚਲਾਈ । ਪਰ ਉਸ ਮੁੱਠੀ ਨੇ ਰੱਬੀ ਤਾਕਤ ਵਿਖਾਈ ਅਤੇ ਵਿਰੋਧੀ ਦੀ ਫੌਜ ਉੱਤੇ ਉਸ ਦੇ ਅਜਿਹੇ ਪ੍ਰਭਾਵ ਪਏ ਕਿ ਕੋਈ ਉਨ੍ਹਾਂ ਵਿੱਚੋਂ ਅਜਿਹਾ ਨ ਰਿਹਾ ਕਿ ਜਿਸ ਦੀ ਅੱਖ

ਉੱਤੇ ਉਸ ਦਾ ਪ੍ਰਭਾਵ ਨ ਪਿਆ ਹੋਵੇ। ਅਜਿਹੇ ਹੋਰ ਵੀ ਬਹੁਤ ਸਾਰੇ ਚਮਤਕਾਰ ਹਨ। ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਵਿਖਾਏ। ਜਿਨ੍ਹਾਂ ਦੇ ਨਾਲ ਕੋਈ ਦੁਆ ਨਹੀਂ ਸੀ।

ਖੰਦਕ ਦੀ ਖੁਦਾਈ ਦੇ ਦੌਰਾਨ ਵੀ ਮੁਨਾਫ਼ਿਕਾਂ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਅਤੇ ਮੁਸਲਮਾਨਾਂ ਦੇ ਨਾਲ ਖੁਦਾਈ ਦੇ ਕੰਮ ਵਿੱਚ ਸੁਸਤੀ ਵਿਖਾਈ ਅਤੇ ਉਹ ਮਾਸਾ ਜਿਹਾ ਕੰਮ ਕਰਦੇ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਦੱਸੇ ਬਿਨਾਂ ਅਤੇ ਆਗਿਆ ਲਏ ਬਿਨਾਂ ਘਰਾਂ ਨੂੰ ਖਿਸਕ ਜਾਂਦੇ। ਜੱਦ ਕਿ ਮੋਮਿਨਾਂ ਨੂੰ ਜੇਕਰ ਕੋਈ ਜ਼ਰੂਰਤ ਪੇਸ਼ ਆਉਂਦੀ ਤਾਂ ਉਹ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਤੋਂ ਆਗਿਆ ਮੰਗਦੇ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਉਨ੍ਹਾਂ ਨੂੰ ਆਗਿਆ ਦਿੰਦੇ।

ਸਾਖੀ ਅਨੁਸਾਰ ਅਬੂ ਸੁਫ਼ਯਾਨ ਦੇ ਲਸ਼ਕਰ ਦੇ ਆਉਣ ਤੋਂ 03 ਦਿਨ ਪਹਿਲਾਂ ਖੰਦਕ ਤਿਆਰ ਹੋ ਗਈ। ਹੁਣ ਮਨਸੂਬੇ ਦੇ ਅਨੁਸਾਰ ਬੱਚਿਆਂ ਅਤੇ ਨੌਜਵਾਨਾਂ ਨੂੰ ਉਨ੍ਹਾਂ ਕਿੱਲਿਆਂ ਵੱਲ੍ਹ ਭੇਜ ਦਿੱਤਾ। ਜਿੱਥੇ ਔਰਤਾਂ ਨੂੰ ਸੁਰੱਖਿਆ ਲਈ ਭੇਜਿਆ ਸੀ। ਪਰ ਜਿਨ੍ਹਾਂ ਦੀ ਉਮਰ 15 ਸਾਲ ਤੋਂ ਵੱਧ ਸੀ। ਉਨ੍ਹਾਂ ਨੂੰ ਆਗਿਆ ਦਿੱਤੀ ਗਈ ਕਿ ਜੇਕਰ ਚਾਹੁਣ ਤਾਂ ਇੱਥੇ ਰਹਿਣ ਅਤੇ ਚਾਹੁਣ ਤਾਂ ਕਿੱਲਿਆਂ ਵੱਲ੍ਹ ਚਲੇ ਜਾਣ।

ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਮਦੀਨਾ ਵਿੱਚ ਇਬਨੇ ਉਮੇ ਮਕਤੂਮ ਰਜ਼ੀ ਅੱਲਾਹ ਅੰਨਹੁ ਨੂੰ ਆਪਣਾ ਉਪ ਬਣਾਇਆ। ਖੰਦਕ ਦੇ ਕੋਲ੍ਹ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਲਈ ਚਮੜ੍ਹੇ ਦਾ ਤੰਬੂ ਲਾਇਆ ਗਿਆ। ਮੁਹਾਜਿਰਾਂ ਦਾ ਝੰਡਾ ਹਜ਼ਰਤ ਜ਼ੈਦ ਬਿਨ ਹਾਰਸ ਰਜ਼ੀ ਅੱਲਾਹ ਅੰਨਹੁ ਜੱਦ ਕਿ ਅੰਨਸਾਰ ਦਾ ਝੰਡਾ ਸਾਅਦ ਬਿਨ ਅਬਾਦਾ ਰਜ਼ੀ ਅੱਲਾਹ ਅੰਨਹੁ ਦੇ ਕੋਲ੍ਹ ਸੀ।

ਇਤਿਹਾਸਕਾਰਾਂ ਨੇ ਮੁਸਲਮਾਨਾਂ ਦੀ ਗਿਣਤੀ 700 ਤੋਂ ਲੈ ਕੇ 3000 ਹਜ਼ਾਰ ਤੱਕ ਬਿਆਨ ਕੀਤੀ ਹੈ। ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਜੰਗੇ ਅਹਜ਼ਾਬ ਦੇ 03 ਹਿੱਸੇ ਸਨ। ਇੱਕ ਹਿੱਸਾ ਉਸ ਦਾ ਉਹ ਸੀ। ਜੱਦ ਹਾਲੇ ਦੁਸ਼ਮਨ ਮਦੀਨਾ ਦੇ ਸਾਮ੍ਹਣੇ ਨਹੀਂ ਆਇਆ ਸੀ ਅਤੇ ਹਾਲੇ ਖੰਦਕ ਪੁੱਟ ਰਹੇ ਸਨ। ਇਸ ਕੰਮ ਵਿੱਚ ਘੱਟੋ ਘੱਟ ਮਿੱਟੀ ਚੁੱਕਣ ਦੀ ਸੇਵਾ ਬੱਚੇ ਵੀ ਕਰ ਸਕਦੇ ਸਨ ਅਤੇ ਕੁੱਝ ਔਰਤਾਂ ਵੀ ਇਹ ਕੰਮ ਕਰ ਸਕਦੀਆਂ ਸਨ। ਸੋ, ਜੱਦ ਤੱਕ ਖੰਦਕ ਪੁੱਟਣ ਦਾ ਕੰਮ ਰਿਹਾ। ਮੁਸਲਮਾਨ ਲਸ਼ਕਰ ਦੀ ਗਿਣਤੀ 3000 ਸੀ। ਫਿਰ ਜੱਦ ਦੁਸ਼ਮਨ ਆ ਗਿਆ ਅਤੇ ਲੜ੍ਹਾਈ ਸ਼ੁਰੂ ਹੋ ਗਈ ਤਾਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਉਨ੍ਹਾਂ ਨੂੰ ਜਿਨ੍ਹਾਂ ਦੀ ਉਮਰ 15 ਸਾਲ ਤੋਂ ਘੱਟ ਸੀ ਵਾਪਸ ਜਾਣ ਦਾ ਆਦੇਸ਼ ਦਿੱਤਾ ਅਤੇ ਜੋ 15 ਸਾਲ ਦੇ ਸਨ ਉਨ੍ਹਾਂ ਨੂੰ ਆਗਿਆ ਦਿੱਤੀ ਕਿ ਭਾਵੇਂ ਰੁੱਕਣ ਭਾਵੇਂ ਚਲੇ ਜਾਣ। ਇਸ ਸਾਖੀ ਤੋਂ ਪਤਾ ਲੱਗਦਾ ਹੈ ਕਿ ਖੰਦਕ ਪੁੱਟਣ ਦੇ ਸਮੇਂ ਮੁਸਲਮਾਨਾਂ ਦੀ ਗਿਣਤੀ ਵੱਧ ਸੀ ਅਤੇ ਜੰਗ ਦੇ ਸਮੇਂ ਘੱਟ ਗਈ ਸੀ। 1200 ਦੀ ਗਿਣਤੀ ਉਸ ਸਮੇਂ ਦੀ ਹੈ। ਜੱਦ ਜੰਗ ਸ਼ੁਰੂ ਹੋ ਗਈ। ਜੱਦ ਜੰਗ ਦੇ ਦੌਰਾਨ ਵਿੱਚ ਬਨੂ ਕੁਰੇਜ਼ਾ ਕੁਫ਼ਾਰ ਦੇ ਲਸ਼ਕਰ ਨਾਲ ਮਿਲ ਗਏ ਅਤੇ ਉਨ੍ਹਾਂ ਨੇ ਇਰਾਦਾ ਕੀਤਾ ਕਿ ਮਦੀਨਾ ਉੱਤੇ ਅਚਾਨਕ ਹਮਲਾ ਕਰ ਦੇਣ ਤਾਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਮਦੀਨਾ ਦੇ ਉਸ ਪਾਸੇ ਦੀ ਰਾਖੀ ਕਰਨਾ ਜ਼ਰੂਰੀ ਸਮਝਿਆ ਜਿਸ ਪਾਸੇ ਬਨੂ ਕੁਰੇਜ਼ਾ ਸਨ। ਤਾਰੀਖ ਤੋਂ ਪਤਾ ਲੱਗਦਾ ਹੈ ਕਿ ਉਸ ਮੌਕੇ ਉੱਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਦੋ ਲਸ਼ਕਰ ਔਰਤਾਂ ਦੀ ਰਾਖੀ ਲਈ ਭੇਜੇ। ਜਿਨ੍ਹਾਂ ਵਿੱਚੋਂ ਇੱਕ ਲਸ਼ਕਰ 200 ਜੱਦ ਕਿ ਦੂਜਾ ਲਸ਼ਕਰ 300 ਸਿਪਾਹੀਆਂ ਉੱਤੇ ਆਧਾਰਿਤ ਸੀ। ਇੰਝ ਜੱਦ 1200 ਸਿਪਾਹੀਆਂ ਵਿੱਚੋਂ 500 ਸਿਪਾਹੀ ਔਰਤਾਂ ਦੀ ਰਾਖੀ ਲਈ ਚਲੇ ਗਏ ਤਾਂ 1200 ਦਾ ਲਸ਼ਕਰ 700 ਦਾ ਰਹਿ ਗਿਆ।

ਅਬੂ ਸੁਫ਼ਯਾਨ ਦੀ ਅਗਵਾਈ ਵਿੱਚ ਕਬੀਲੀਆਂ ਦੀ ਫੌਜ ਨੇ ਮਦੀਨਾ ਪਹੁੰਚ ਕੇ ਖੰਦਕ ਦੇ ਆਲੇ ਦੁਆਲੇ ਡੇਰਾ ਪਾ ਲਿਆ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਜੱਦ ਕੁਫ਼ਾਰ ਦਾ ਲਸ਼ਕਰ ਮਦੀਨੇ ਦੇ ਨੇੜ੍ਹੇ ਪਹੁੰਚਾ ਤਾਂ ਆਪਣੇ ਸਾਮ੍ਹਣੇ ਖੰਦਕ ਵੇਖ ਕੇ ਹੈਰਾਨ ਰਹਿ ਗਿਆ। ਸੋ, ਕੁਫ਼ਾਰ ਨੇ ਖੰਦਕ ਦੇ ਆਲੇ ਦੁਆਲੇ ਘੇਰਾ ਪਾ ਲਿਆ ਅਤੇ ਖੰਦਕ ਦੇ ਕਮਜ਼ੋਰ ਹਿੱਸਿਆਂ ਵਲੋਂ ਹਮਲਾ ਕਰਨ ਦੇ ਮੌਕੇ ਲੱਭਣ ਲੱਗੇ। ਜੱਦ ਦੁਸ਼ਮਨ ਖੰਦਕ ਪਾਰ ਕਰਨ ਵਿੱਚ ਅਸਫਲ ਰਿਹਾ ਤਾਂ ਹੋਰ ਚਾਲਾਂ ਚੱਲਣ ਲੱਗਿਆ। ਮੁਸ਼ਰਿਕਾਂ ਨੇ ਆਪਸੀ ਫੈਸਲਾ ਕੀਤਾ ਕਿ ਕਬੀਲਾ ਬਨੂ

ਕੁਰੇਜ਼ਾ ਨੂੰ ਆਪਣੇ ਨਾਲ ਮਿਲਾ ਲਈਏ ਤਾਂ ਕਿ ਉਹ ਮੁਸਲਮਾਨਾਂ ਦੇ ਨਾਲ ਕੀਤੇ ਆਪਣੇ ਅਹਦ ਨੂੰ ਤੋੜ ਦੇਣ ਅਤੇ ਮੁਸਲਮਾਨਾਂ ਉੱਤੇ ਅੰਦਰੋਂ ਹਮਲਾ ਕਰ ਦੇਣ। ਸੋ, ਇਸ ਭਿਆਨਕ ਸਾਜ਼ਸ਼ ਉੱਤੇ ਅਮਲ ਕਰਨ ਲਈ ਹੁਯੀ ਬਿਨ ਅਖਤਬ, ਬਨੂ ਕੁਰੇਜ਼ਾ ਦੇ ਸਰਦਾਰ ਕਾਅਬ ਬਿਨ ਅਸਦ ਦੇ ਕੋਲ੍ਹ ਗਿਆ। ਸ਼ੁਰੂ ਵਿੱਚ ਕਾਅਬ ਨੇ ਹੁਯੀ ਲਈ ਬੂਹਾ ਨ ਖੋਲਿਆ ਅਤੇ ਸਾਫ਼ ਸਾਫ਼ ਮਨ੍ਹਾਂ ਕਰ ਦਿੱਤਾ ਕਿ ਮੈਂ ਮੁਹੱਮਦ ਸੱਲਲਾਹੁ ਅਲੈਹਿ ਵੱਸਲਮ ਨਾਲ ਸੰਧੀ ਕੀਤੀ ਹੈ ਅਤੇ ਮੈਂ ਮੁਹੱਮਦ ਸੱਲਲਾਹੁ ਅਲੈਹਿ ਵੱਸਲਮ ਨੂੰ ਸਦਾ ਵਚਨਾਂ ਨੂੰ ਪੂਰਾ ਕਰਨ ਵਾਲਾਂ ਪਾਇਆ ਹੈ। ਫਿਰ ਵੀ ਹੁਯੀ ਦੇ ਵਾਰ ਵਾਰ ਕਹਿਣ ਉੱਤੇ ਕਾਅਬ ਨੇ ਨ ਕੇਵਲ ਬੂਹਾ ਖੋਲ ਦਿੱਤਾ। ਸਗੋਂ ਉਸ ਦੇ ਕਹਿਣ ਉੱਤੇ ਮੁਸਲਮਾਨਾਂ ਦੇ ਖਿਲਾਫ ਇਸ ਭਿਆਨਕ ਸਾਜਿਸ਼ ਵਿੱਚ ਸ਼ਾਮਿਲ ਵੀ ਹੋ ਗਿਆ ਅਤੇ ਮੁਸਲਮਾਨਾਂ ਦੇ ਨਾਲ ਕੀਤੇ ਅਹਦ ਨੂੰ ਤੋੜ੍ਹ ਦਿੱਤਾ। ਤੱਦ ਬਨੂ ਕੁਰੇਜ਼ਾ ਦੇ ਕੁੱਝ ਨੇਕ ਸਰਿਸ਼ਤ ਯਹੂਦ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਕੋਲ੍ਹ ਆਏ ਅਤੇ ਇਸਲਾਮ ਵੀ ਕਬੂਲ ਕਰ ਲਿਆ। ਜੱਦ ਹਜ਼ਰਤ ਉਮਰ ਬਿਨ ਖਤਾਬ ਰਜ਼ੀ ਅੱਲਾਹ ਅੰਨਹੁ ਰਾਹੀਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਬਨੂ ਕੁਰੇਜ਼ਾ ਦੇ ਅਹਦ ਤੋੜ੍ਹਨ ਦੀ ਖਬਰ ਮਿਲੀ ਤਾਂ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਬਨੂ ਕੁਰੇਜ਼ਾ ਦੇ ਕੋਲ੍ਹ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਅਤੇ ਸਾਅਦ ਬਿਨ ਉਬਾਦਹ ਰਜ਼ੀ ਅੱਲਾਹ ਅੰਨਹੁ ਨੂੰ ਕੁੱਝ ਹੋਰ ਸਹਾਬੀਆਂ ਨਾਲ ਭੇਜਿਆ ਅਤੇ ਉਨ੍ਹਾਂ ਨੂੰ ਹਦਾਯਤ ਕੀਤੀ ਕਿ ਜੇਕਰ ਇਹ ਖਬਰ ਠੀਕ ਹੋਵੇ ਤਾਂ ਸਭ ਦੇ ਸਾਮ੍ਹਣੇ ਉੱਚੀ ਆਵਾਜ਼ ਵਿੱਚ ਨ ਦੱਸਣ। ਸਗੋਂ ਇਸ਼ਾਰੇ ਵਿੱਚ ਗੱਲ੍ਹ ਦੱਸਣ। ਜੱਦ ਇਹ ਲੋਕ ਬਨੂ ਕੁਰੇਜ਼ਾ ਦੇ ਕੋਲ੍ਹ ਪਹੁੰਚੇ ਤਾਂ ਕਾਅਬ ਬਿਨ ਅਸਦ ਉਨ੍ਹਾਂ ਲੋਕਾਂ ਨਾਲ ਬਹੁਤ ਬੁਰੀ ਤਰ੍ਹਾਂ ਪੇਸ਼ ਆਇਆ ਅਤੇ ਸੰਧੀ ਤੋਂ ਇੰਨਕਾਰ ਕਰ ਦਿੱਤਾ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਉਹ ਅਭਾਗਾ (ਕਾਅਬ ਬਿਨ ਅਸਦ) ਉਨ੍ਹਾਂ ਨੂੰ ਬਹੁਤ ਹੌਮੇ ਨਾਲ ਮਿਲਿਆ ਅਤੇ ਸੰਧੀ ਦੇ ਜ਼ਿਕਰ ਉੱਤੇ ਉਸ ਨੇ ਅਤੇ ਉਸ ਦੇ ਕਬੀਲੇ ਦੇ ਲੋਕਾਂ ਨੇ ਕਿਹਾ ਕਿ ਜਾਓ ! ਸਾਡੀ ਤੁਹਾਡੇ ਨਾਲ ਕੋਈ ਸੰਧੀ ਨਹੀਂ ਹੈ। ਕਾਅਬ ਬਿਨ ਅਸਦ ਦਾ ਉੱਤਰ ਸੁਣ ਕੇ ਉਨ੍ਹਾਂ ਵਾਪਸ ਆ ਕੇ ਇਸ਼ਾਰੇ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਬਨੂ ਕੁਰੇਜ਼ਾ ਦੇ ਸੰਧੀ ਤੋੜ੍ਹਨ ਬਾਰੇ ਦੱਸਿਆ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਕੁੱਝ ਦੇਰ ਚੁੱਪ ਰਹੇ ਅਤੇ ਇਸ ਖਬਰ ਦਾ ਆਪ ਸੱਲਲਾਹੁ ਅਲੈਹਿ ਵੱਸਲਮ ਉੱਤੇ ਕੋਈ ਪ੍ਰਭਾਵ ਨ ਪਿਆ। ਕੋਈ ਆਮ ਆਦਮੀ ਹੁੰਦਾ ਤਾਂ ਉਹ ਟੁੱਟ ਜਾਂਦਾ। ਕੁੱਝ ਦੇਰ ਦੇ ਬਾਦ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਹੇ ਮੋਮਿਨੋਂ ਦੀ ਜਮਾਤ ! ਰੱਬ ਦੀ ਮਦਦ ਅਤੇ ਨੁਸਰਤ ਦੇ ਨਾਲ ਖੁਸ਼ ਹੋ ਜਾਓ। ਮੈਨੂੰ ਯਕੀਨ ਹੈ ਕਿ ਇੱਕ ਸਮਾਂ ਆਵੇਗਾ ਕਿ ਮੈਂ ਖਾਨਾ ਕਾਅਬਾ ਦਾ ਤਵਾਫ਼ (ਅਰਥਾਤ ਹੱਜ) ਕਰਾਂਗਾ ਅਤੇ ਉਸ ਦੀਆਂ ਚਾਬੀਆਂ ਮੇਰੇ ਹੱਥ ਵਿੱਚ ਹੋਣਗੀਆਂ ਅਤੇ ਕੇਸਰ-ਓ-ਕਿਸਰਾ ਜ਼ਰੂਰ ਹਲਾਕ ਹੋ ਜਾਣਗੇ।

ਜੰਗੇ ਖੰਦਕ ਦਾ ਜ਼ਿਕਰ ਜਾਰੀ ਰਹਿਣ ਸੰਬੰਧੀ ਫ਼ਰਮਾਉਣ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਅੱਜ ਤੋਂ ਖੁੱਦਾਮੁੱਲ ਅਹਮਦੀਆ (ਅਰਥਾਤ ਨੌਜਵਾਨਾਂ) ਦਾ ਇੱਜਤਮਾ ਵੀ ਸ਼ੁਰੂ ਹੋ ਰਿਹਾ ਹੈ। ਨੌਜਵਾਨ ਇਸ ਤੋਂ ਭਰਪੂਰ ਲਾਭ ਚੁੱਕਣ ਦੀ ਕੋਸ਼ਿਸ਼ ਕਰਨ। ਭਾਵੇਂ ਮੋਸਮ ਵਿਭਾਗ ਵਾਲੇ ਕਹਿ ਰਹੇ ਹਨ ਕਿ ਮੀਂਹ ਪੈਂਦਾ ਰਹਿਣਾ। ਰੱਬ ਮਿਹਰ ਕਰੇ ਅਤੇ ਸਾਰੇ ਪ੍ਰੋਗਰਾਮ ਉਨ੍ਹਾਂ ਦੇ ਆਰਾਮ ਨਾਲ ਹੋ ਜਾਣ। ਖੁੱਦਾਮ ਇਨ੍ਹਾਂ ਦਿਨਾਂ ਵਿੱਚ ਰੂਹਾਨੀ ਅਤੇ ਇਲਮੀ ਮਿਆਰ ਵਧਾਉਣ ਦੀ ਵੀ ਕੋਸ਼ਿਸ਼ ਕਰਨ। ਜਿਨ੍ਹਾਂ ਦੁਆਵਾਂ ਅਤੇ ਦਰੂਦ ਵੱਲ੍ਹ ਮੈਂ ਧਿਆਨ ਦੁਆਇਆ ਸੀ ਅਤੇ ਤਹਰੀਕ ਕੀਤੀ ਸੀ। ਇਨ੍ਹਾਂ ਦਿਨਾਂ ਵਿੱਚ ਇਸ ਪਾਸੇ ਖਾਸ ਧਿਆਨ ਰੱਖੋ ਅਤੇ ਸਦਾ ਉਨ੍ਹਾਂ ਨੂੰ ਪੜ੍ਹਦੇ ਰਹੋ।

ਖੁਤਬੇ ਦੇ ਅੰਤ ਵਿੱਚ ਹਜ਼ੂਰੇ ਅਨਵਰ ਨੇ 04 ਸਵਰਗਵਾਸੀਆਂ ਦਾ ਜ਼ਿਕਰ ਕੀਤਾ ਅਤੇ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ। ਹਜ਼ੂਰੇ ਅਨਵਰ ਨੇ ਸਾਰੇ ਸਵਰਗਵਾਸੀਆਂ ਦੀ ਬਖਸ਼ਿਸ਼ ਅਤੇ ਦਰਜਾਤ ਬੁਲੰਦ ਹੋਣ ਲਈ ਦੁਆ ਕੀਤੀ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ